ਭਗਤ ਰਵਿਦਾਸ - ਸਬਦ ੩੧

ਜੇ ਓਹੁ ਅਠਸਠਿ ਤੀਰਥ ਨ੍ਾਵੈ ॥

ਰਾਗੁ ਗੋਂਡ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੮੭੫

ਜੇ ਓਹੁ ਅਠਸਠਿ ਤੀਰਥ ਨ੍ਾਵੈ ॥
ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥੧॥
ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥
ਅਰਪੈ ਨਾਰਿ ਸੀਗਾਰ ਸਮੇਤਿ ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥
ਕਰੈ ਨਿੰਦ ਕਵਨੈ ਨਹੀ ਗੁਨੈ ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥
ਭੂਮਿ ਦਾਨ ਸੋਭਾ ਮੰਡਪਿ ਪਾਵੈ ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥
ਨਿੰਦਾ ਕਹਾ ਕਰਹੁ ਸੰਸਾਰਾ ॥
ਨਿੰਦਕ ਕਾ ਪਰਗਟਿ ਪਾਹਾਰਾ ॥
ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥੧੧॥੭॥੨॥੪੯॥ ਜੋੜੁ ॥

ਸਾਰ: ਨਿੰਦਿਆ ਸ਼ਾਬਦਿਕ ਹਿੰਸਾ ਦਾ ਇਕ ਨੁਕਸਾਨਦੇਹ ਰੂਪ ਹੈ ਜੋ ਦੂਜਿਆਂ ਨੂੰ ਦੁੱਖ ਪਹੁੰਚਾਉਣ ਲਈ ਸੱਚ ਦੀ ਗਲਤ ਤਰਜ਼ਮਾਨੀ ਕਰਦੀ ਹੈ। ਇਹ ਅਕਸਰ ਅਸੁਰੱਖਿਆ ਅਤੇ ਨਾਰਾਜ਼ਗੀ ਦੀਆਂ ਭਾਵਨਾਵਾਂ

ਤੋਂ ਪੈਦਾ ਹੁੰਦੀ ਹੈ, ਜਿਸ ਨਾਲ ਕਿਸੇ ਨੂੰ ਥੋੜ੍ਹਚਿਰੀ, ਗੁੰਮਰਾਹਕੁੰਨ ਉੱਤਮਤਾ ਦੀ ਭਾਵਨਾ ਮਹਿਸੂਸ ਹੁੰਦੀ ਹੈ। ਪਰ ਵਾਰ-ਵਾਰ ਕੀਤੀ ਨਿੰਦਿਆ ਭਰੋਸੇ ਦਾ ਖਾਤਮਾ ਕਰ, ਉਲਝਣ ਪੈਦਾ ਕਰਦੀ ਹੈ। ਜਦੋਂ ਕਿ ਨਿੰਦਿਆ ਕਰਨ ਵਾਲੇ ਆਪਣੇ ਧੋਖੇ ਦਾ ਅਸਥਾਈ ਤੌਰ 'ਤੇ ਆਨੰਦ ਤਾਂ ਮਾਣ ਸਕਦੇ ਹਨ, ਪਰ ਇਹ ਵਿਵਹਾਰ ਉਨ੍ਹਾਂ ਦੀ ਇਮਾਨਦਾਰੀ ਅਤੇ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਸਾਡੀ ਭਲਾਈ ਅਤੇ ਵਿਕਾਸ ਲਈ, ਨਿੰਦਿਆ ਕਾਰਨ ਹੋਣ ਵਾਲੇ ਨੁਕਸਾਨ ਨੂੰ ਪਛਾਣਨਾ, ਅਤੇ ਇਸ ਦੇ ਨਾਲ ਹੀ ਸੰਵਾਦ ਜੁਗਤ ਅਪਣਾਉਣੀ ਅਤਿ ਲੋੜੀਂਦੀ ਹੈ ਜੋ ਇਮਾਨਦਾਰੀ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਦੀ ਹੈ।

ਜੇ ਓਹੁ ਅਠਸਠਿ ਤੀਰਥ ਨ੍ਾਵੈ ॥

ਭਾਵੇਂ ਕੋਈ ਅਠਾਹਠ ਪਵਿੱਤਰ ਤੀਰਥ ਸਥਾਨਾਂ 'ਤੇ ਇਸ਼ਨਾਨ ਕਰਦਾ ਹੈ, ਇਹ ਭਾਵ ਬਾਹਰੀ ਸਰੀਰਕ ਸਫ਼ਾਈ ਦੁਆਰਾ ਮਾੜੂ ਕਰਮਾਂ ਅਤੇ ਇਰਾਦਿਆਂ ਨੂੰ ਧੋਣ ਦੀ ਕੋਸ਼ਿਸ਼ ਨੂੰ ਦਰਸਾਉਂਦਾ ਹੈ।

ਜੇ ਓਹੁ ਦੁਆਦਸ ਸਿਲਾ ਪੂਜਾਵੈ ॥

ਭਾਵੇਂ ਬਾਰਾਂ ਪੱਥਰਾਂ ਦੇ ਧਾਰਮਿਕ ਚਿੰਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ, ਇਹ ਭਾਵ ਭੌਤਿਕ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਰਸਮੀ ਪੂਜਾ ਬਾਰੇ ਦਰਸਾਉਂਦਾ ਹੈ।

ਜੇ ਓਹੁ ਕੂਪ ਤਟਾ ਦੇਵਾਵੈ ॥

ਭਾਵੇਂ ਕੋਈ ਖੂਹ ਅਤੇ ਤਲਾਅ ਜਨਤਕ ਭਲਾਈ ਲਈ ਸਮਰਪਿਤ ਕਰਦਾ ਹੈ, ਇਹ ਭਾਵ ਉਸਦੀ ਸਾਖ ਵਧਾਉਣ ਅਤੇ ਨਿੱਜੀ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੀਤੇ ਗਏ ਪਰਉਪਕਾਰ ਨੂੰ ਦਰਸਾਉਂਦਾ ਹੈ।

ਕਰੈ ਨਿੰਦ ਸਭ ਬਿਰਥਾ ਜਾਵੈ ॥੧॥

ਜੇਕਰ ਕੋਈ ਨਿੰਦਿਆ ਕਰਦਾ ਹੈ, ਤਾਂ ਬਾਕੀ ਸਾਰੇ ਉਦਮ ਵਿਅਰਥ ਜਾਂਦੇ ਹਨ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨਕਾਰਾਤਮਕਤਾ, ਸਕਾਰਾਤਮਕ ਕਾਰਜਾਂ ਦੀ ਪ੍ਰਗਤੀ ਨੂੰ ਰੱਦ ਕਰ ਸਕਦੀ ਹੈ। (੧)

ਸਾਧ ਕਾ ਨਿੰਦਕੁ ਕੈਸੇ ਤਰੈ ॥

ਜੋ ਜਾਗ੍ਰਿਤ ਅਵਸਥਾ ਦੀ ਨਿੰਦਾ ਕਰਦੇ ਹਨ, ਉਹ ਆਪਣੀ ਮਨੋਬਿਰਤੀ ਨੂੰ ਕਿਵੇਂ ਪਾਰ ਕਰ ਸਕਦੇ ਹਨ? ਇਹ ਭਾਵ ਸਵਾਲ ਪੈਦਾ ਕਰਦਾ ਹੈ ਕਿ ਹਕੀਕਤ ਦਾ ਵਿਰੋਧ ਕਰਨ ਵਾਲਾ ਮਨ ਸਪੱਸ਼ਟਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ।

ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥

ਯਕੀਨ ਰੱਖੋ ਕਿ ਅਜਿਹਾ ਮਨ ਅਥਾਹ ਖੱਡ ਵਿਚ ਡਿੱਗਦਾ ਹੈ। ਇਹ ਭਾਵ ਨਰਕ ਨੂੰ ਹਉਮੈ ਅਤੇ ਨਕਾਰਾਤਮਕਤਾ ਕਾਰਨ ਹੋਣ ਵਾਲੀ ਮਾਨਸਿਕ ਅਸ਼ਾਂਤੀ ਵਜੋਂ ਮੁੜ-ਪਰਿਭਾਸ਼ਿਤ ਕਰਦਾ ਹੈ। (੧)(ਠਹਿਰਾਉ)

ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥

ਭਾਵੇਂ ਕੋਈ ਸੂਰਜ ਗ੍ਰਹਿਣ ਦੌਰਾਨ ਕੁਰੂਕਸ਼ੇਤਰ ਵਿਚ ਕਰਮਕਾਂਡੀ ਰਸਮਾਂ ਨਿਭਾਵੇ। ਇਹ ਭਾਵ ਉਨ੍ਹਾਂ ਅੰਧਵਿਸ਼ਵਾਸਾਂ ਨੂੰ ਦਰਸਾਉਂਦਾ ਹੈ ਜੋ ਇਹ ਮੰਨਦੇ ਹਨ ਕਿ ਖਾਸ ਸ਼ੁਭ ਸਮੇਂ ਅਤੇ ਸਥਾਨਾਂ 'ਤੇ ਪੂਜਾ ਕਰਨ ਨਾਲ ਨਕਾਰਾਤਮਕਤਾ ਦੂਰ ਹੋ ਸਕਦੀ ਹੈ ਅਤੇ ਸਕਾਰਾਤਮਕਤਾ ਪੈਦਾ ਹੋ ਸਕਦੀ ਹੈ।

ਅਰਪੈ ਨਾਰਿ ਸੀਗਾਰ ਸਮੇਤਿ ॥

ਆਪਣੇ ਜੀਵਨ ਸਾਥੀ ਨੂੰ ਗਹਿਣਿਆਂ ਨਾਲ ਸਜਾ ਕੇ ਭੇਟ ਕਰੋ। ਇਹ ਭਾਵ ਆਪਣੇ ਸਭ ਤੋਂ ਕੀਮਤੀ ਬਾਹਰੀ ਮੋਹ ਨੂੰ ਤਿਆਗ ਕੇ ਸ਼ਰਧਾ ਦਾ ਪ੍ਰਤੀਕ ਹੈ।

ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥

ਉਹ ਸਾਰੇ ਧਰਮ ਗ੍ਰੰਥਾਂ ਨੂੰ ਆਪਣੇ ਕੰਨਾਂ ਨਾਲ ਸੁਣਦੇ ਹਨ। ਇਹ ਭਾਵ ਅੰਤਰੀਵੀ ਰੁਪਾਂਤ੍ਰਣ ਤੋਂ ਬਿਨਾਂ ਧਾਰਮਿਕ ਗਿਆਨ ਨੂੰ ਬੌਧਿਕ ਅਭਿਆਸ ਸਮਝਣ ਵੱਲ ਇਸ਼ਾਰਾ ਕਰਦਾ ਹੈ।

ਕਰੈ ਨਿੰਦ ਕਵਨੈ ਨਹੀ ਗੁਨੈ ॥੨॥
ਦੂਜਿਆਂ ਦੀ ਨਿੰਦਿਆ ਕਰਨਾ ਕਿਸੇ ਵੀ ਕਾਰਜ ਨੂੰ ਨੇਕੀ ਵਜੋਂ ਨਕਾਰ ਦਿੰਦਾ ਹੈ। ਇਹ ਭਾਵ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਸੱਚੀ ਕਦਰ-ਕੀਮਤ ਇਰਾਦੇ ਵਿਚ ਨਹਿਤ ਹੁੰਦੀ ਹੈ, ਅਤੇ ਕੋਈ ਵੀ ਰਸਮੀ ਅਭਿਆਸ ਕਾਰਨ ਅਤੇ ਪ੍ਰਭਾਵ ਦੇ ਕੁਦਰਤੀ ਕ੍ਰਮ ਨੂੰ ਨਹੀਂ ਬਦਲ ਸਕਦਾ। (੨)

ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥
ਭਾਵੇਂ ਕੋਈ ਅਣਗਿਣਤ ਦਾਅਵਤਾਂ ਦੀ ਮੇਜ਼ਬਾਨੀ ਕਰੇ ਅਤੇ ਭੇਟਾਂਵਾਂ ਚੜ੍ਹਾਵੇ । ਇਹ ਕਾਰਜ ਦੂਜਿਆਂ ਦੀ ਸੇਵਾ ਕਰਨ ਦੀ ਬਜਾਏ ਕਿਰਪਾ ਪ੍ਰਾਪਤ ਕਰਨ ਦੇ ਇਰਾਦੇ ਨਾਲ ਕੀਤੇ ਗਏ ਪਰਉਪਕਾਰ ਨੂੰ ਦਰਸਾਉਂਦਾ ਹੈ।

ਭੂਮਿ ਦਾਨ ਸੋਭਾ ਮੰਡਪਿ ਪਾਵੈ ॥
ਕੋਈ ਭੂਮੀਦਾਨ ਕਰ, ਲੋਕਾਂ ਦੀ ਵਾਹ-ਵਾਹ ਖੱਟਦਾ ਹੈ। ਇਹ ਭਾਵ ਉਦਾਰਤਾ ਦੇ ਕਾਰਜ਼ਾਂ ਰਾਹੀਂ ਸਮਾਜਿਕ ਪ੍ਰਮਾਣਿਕਤਾ ਅਤੇ ਸਵੈ-ਮਹੱਤਤਾ ਦੀ ਇੱਛਾ ਨੂੰ ਦਰਸਾਉਂਦਾ ਹੈ।

ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥
ਭਾਵੇਂ ਕੋਈ ਦੂਜਿਆਂ ਦੀ ਮਦਦ ਕਰਨ ਲਈ ਆਪਣੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਜੇਕਰ ਅੰਤਰੀਵੀ ਮਨੋਬਿਰਤੀ ਦਵੈਸ਼ ਭਰਪੂਰ ਹੈ ਤਾਂ ਬਹੁਮੁੱਲਾ ਪਰਉਪਕਾਰ ਵੀ ਆਪਣਾ ਮੁੱਲ ਗੁਆ ਦਿੰਦਾ ਹੈ।

ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥
ਜੇਕਰ ਕੋਈ ਨਿੰਦਿਆ ਕਰਦਾ ਹੈ, ਤਾਂ ਉਹ ਅਸਥਿਰਤਾ ਦੇ ਅਣਗਿਣਤ ਚੱਕਰਾਂ ਵਿਚ ਭਟਕਦਾ ਰਹਿੰਦਾ ਹੈ। ਜਨਮ ਦੇ ਕਈ ਚੱਕਰ ਮਨ ਨੂੰ ਵਾਰ-ਵਾਰ ਉਲਝਣ ਅਤੇ ਪ੍ਰੇਸ਼ਾਨੀ ਦੀਆਂ ਸਥਿਤੀਆਂ ਦਾ ਅਨੁਭਵ ਕਰਦੇ ਹੋਏ ਦਰਸਾਉਂਦੇ ਹਨ। (੩)

ਨਿੰਦਾ ਕਹਾ ਕਰਹੁ ਸੰਸਾਰਾ ॥

ਤੁਸੀਂ ਦੁਨੀਆਂ ਵਿਚ ਦੂਜਿਆਂ ਦੀ ਨਿੰਦਿਆ ਕਿਉਂ ਕਰਦੇ ਹੋ? ਇਹ ਭਾਵ ਇਕ ਦੂਜੇ ਪ੍ਰਤੀ ਨਿਰਣਾਮਈ ਟਿੱਪਣੀਆਂ ਕਰਨ ਦੀ ਮਨੁੱਖੀ ਪ੍ਰਵਿਰਤੀ ਦੀ ਪੜਚੋਲ ਹੈ।

ਨਿੰਦਕ ਕਾ ਪਰਗਟਿ ਪਾਹਾਰਾ ॥

ਇਕ ਨਿੰਦਕ ਦਾ ਸੁਭਾਅ ਸਪੱਸ਼ਟ ਤੌਰ 'ਤੇ ਪ੍ਰਗਟ ਹੁੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅੰਤਰੀਵੀ ਜ਼ਹਿਰੀਲਾਪਣ ਜ਼ਿਆਦਾ ਦੇਰ ਤੱਕ ਲੁਕਿਆ ਨਹੀਂ ਰਹਿ ਸਕਦਾ; ਇਹ ਅੰਤ ਕਿਸੇ ਦੇ ਕਰਮਾਂ ਰਾਹੀਂ ਸਾਹਮਣੇ ਆਉਂਦਾ ਹੈ।

ਨਿੰਦਕੁ ਸੋਧਿ ਸਾਧਿ ਬੀਚਾਰਿਆ ॥

ਨਿੰਦਿਆ ਦੇ ਨਤੀਜਿਆਂ 'ਤੇ ਵਿਚਾਰ ਕਰਦੇ ਹੋਏ, ਇਸ ਨੂੰ ਕਿਵੇਂ ਸੁਧਾਰਿਆ ਜਾਵੇ ਇਸ 'ਤੇ ਵਿਚਾਰ ਕਰੋ।

ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥੧੧॥੭॥੨॥੪੯॥ ਜੋੜੁ ॥

ਰਵਿਦਾਸ ਕਹਿੰਦੇ ਹਨ ਕਿ ਮਾੜੇ ਇਰਾਦਿਆਂ ਨਾਲ ਪ੍ਰੇਰਿਤ ਬੁਰਾਈਆਂ ਨਕਾਰਾਤਮਕਤਾ ਨੂੰ ਖਿੱਚਦੀਆਂ ਹਨ, ਜੋ ਅੰਤ ਵਿੱਚ ਦੁੱਖ ਵਲ ਲੈ ਜਾਂਦੀਆਂ ਹਨ। (੪)(੨)(੧੧)(੭)(੨)(੪੯) ਜੋੜ

ਤੱਤ: ਭਗਤ ਰਵਿਦਾਸ ਮਾਰੂ ਅੰਤਰੀਵੀ ਅਵਸਥਾ ਨੂੰ ਉਸਾਰੂ ਬਾਹਰੀ ਕਿਰਿਆਵਾਂ ਨਾਲ ਸੰਵਾਰਨ ਦੀ ਕੋਸ਼ਿਸ਼ ਕਰਨ ਦੀ ਵਿਅਰਥਤਾ ਬਾਰੇ ਦਰਸਾਉਂਦੇ ਹਨ। ਜਦੋਂ ਮਨ ਨਾਰਾਜ਼ਗੀ, ਡਰ, ਜਾਂ ਬੇਈਮਾਨੀ ਦੀਆਂ ਭਾਵਨਾਵਾਂ ਨਾਲ ਗ੍ਰਸਤ ਹੋ ਜਾਂਦਾ ਹੈ, ਤਾਂ ਸਭ ਤੋਂ ਵੱਧ ਪਰਉਪਕਾਰੀ ਕਿਰਿਆਵਾਂ ਵੀ ਆਪਣੀ ਇਕਸੁਰਤਾ ਗੁਆ ਦਿੰਦੀਆਂ ਹਨ। ਭਾਵੇਂ ਇਹ ਕਿਰਿਆਵਾਂ ਸਤਹੀ ਤੌਰ 'ਤੇ ਨੈਤਿਕ ਜਾਂ ਉਪਕਾਰੀ ਜਾਪਣ, ਪਰ ਇਹ ਅੰਤਰੀਵੀ ਤੌਰ 'ਤੇ ਆਪਣੇ ਮੂਲ ਰੂਪ ਨਾਲ ਇਕਸੁਰ ਨਹੀਂ ਹੁੰਦੀਆਂ। ਜਿਸ ਕਾਰਣ ਇਹ ਸਪੱਸ਼ਟਤਾ, ਸਦਭਾਵਨਾ, ਜਾਂ ਸਥਾਈ ਪੂਰਤੀ ਪੈਦਾ ਕਰਨ ਵਿਚ ਅਸਮਰੱਥ ਰਹਿੰਦੀਆਂ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: [OnenessInDiversity.com](OnenessInDiversity.com)

ਈਮੇਲ: **onenessindiversityfoundation@gmail.com**